# Punjab Government Gazette

*Published by Authority*

No. 1] CHANDIGARH, FRIDAY, JANUARY 2, 2026 (PAUSA 12, 1947 SAKA)

# PART I

**Punjab Government Notifications and Orders**

**ਪੰਜਾਬ ਸਰਕਾਰ**

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-2 ਸ਼ਾਖਾ)

**ਅਧਿਸੂਚਨਾ**

ਮਿਤੀ 22 ਸਤੰਬਰ, 2023

ਨੰ:19/07/2018-2ਸਿ2/1161.- ਡਾ: ਗੁਰਪ੍ਰੀਤ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ:15/ਬੀ.ਸੀ/2009, ਮਾਤਾ ਕੋਸ਼ੱਲਿਆ ਹਸਪਤਾਲ, ਪਟਿਆਲਾ ਵਿਰੁੱਧ ਮਿਤੀ 01.03.2021 ਤੋਂ ਲਗਾਤਾਰ ਡਿਊਟੀ ਤੋਂ ਗੈਰ ਹਾਜਰ ਰਹਿਣ ਕਾਰਣ ਪੱਤਰ ਨੰ: 19/07/2018-2ਸਿ2/4052-53 ਮਿਤੀ 07.07.2021 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ 8 ਅਧੀਨ ਹੇਠ ਲਿਖੇ ਦੋਸ਼ਾਂ ਤਹਿਤ ਦੋਸ਼ ਸੂਚੀ ਜਾਰੀ ਕੀਤੀ ਗਈ:-

1. ਬਿਨ੍ਹਾਂ ਛੁੱਟੀ ਮੰਜੂਰ ਕਰਵਾਏ ਡਿਊਟੀ ਤੋਂ ਗੈਰ ਹਾਜਰ ਰਹਿਣਾ।
2. ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਨਾਂ ਕਰਨਾ।

2. ਦੋਸ਼ ਸੂਚੀ ਦੇ ਸਬੰਧ ਵਿੱਚ ਡਾਕਟਰ ਵਲੋਂ ਆਪਣਾ ਜਵਾਬ ਮਿਤੀ 27.07.2021 ਰਾਂਹੀ ਦਿੱਤਾ ਗਿਆ, ਜਿਸ ਵਿੱਚ ਉਸ ਨੇ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾ ਨੂੰ ਮੰਨਣ ਤੋਂ ਇਨਕਾਰ ਕੀਤਾ। ਇਸ ਲਈ ਪੱਤਰ ਨੰ: 19/07/2018-2ਸਿ2/4601-03 ਮਿਤੀ 13.08.2021 ਰਾਂਹੀ ਸ਼੍ਰੀ ਗੁਰਦੀਪ ਸਿੰਘ, ਪੀ.ਸੀ.ਐਸ (ਰਿਟਾ) ਨੂੰ ਇਸ ਕੇਸ ਵਿੱਚ ਪੜਤਾਲ ਕਰਨ ਲਈ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ।ਪੜਤਾਲੀਆ ਅਫਸਰ ਵਲੋਂ ਪੱਤਰ ਮਿਤੀ 07.12.2021 ਰਾਂਹੀ ਆਪਣੀ ਪੜਤਾਲ ਪੇਸ਼ ਕੀਤੀ, ਜਿਸ ਵਿੱਚ ਉਨ੍ਹਾਂ ਵਲੋਂ ਡਾਕਟਰ ਨੂੰ ex-parte ਕਰਦੇ ਹੋਏ ਉਸ ਵਿਰੁੱਧ ਲਗਾਏ ਸਾਰੇ ਦੋਸ਼ ਸਿੱਧ ਕਰਾਰ ਦਿੱਤੇ ਗਏ।ਇਸ ਉਪਰੰਤ ਪੱਤਰ ਨੰ: 19/07/2018-2ਸਿ2/7273 ਮਿਤੀ 20.12.2021 ਰਾਂਹੀ ਪੜਤਾਲ ਰਿਪੋਰਟ ਦੀ ਕਾਪੀ ਡਾਕਟਰ ਨੂੰ ਭੇਜਦੇ ਹੋਏ ਇਸ ਸਬੰਧੀ ਆਪਣਾ ਜਵਾਬ/ਸਪਸ਼ਟੀਕਰਨ ਪੇਸ਼ ਕਰਨ ਲਈ ਲਿਖਿਆ ਗਿਆ, ਜੋ ਕਿ ਡਾਕਟਰ ਵਲੋਂ ਪੱਤਰ ਮਿਤੀ 27.12.2021 ਰਾਂਹੀ ਭੇਜਦੇ ਹੋਏ ਪੜਤਾਲ ਰਿਪੋਰਟ ਨਾਲ ਆਪਣੀ ਅਸਹਿਮਤੀ ਜਾਹਰ ਕੀਤੀ।ਇਸ ਲਈ ਪੂਰਵਲੇ ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਜੀ ਵੱਲੋਂ ਪੱਤਰ ਨੰ: 19/7/2018-2ਸਿ2/559, ਮਿਤੀ 11.02.2022 ਰਾਂਹੀ ਮਿਤੀ 03.03.2022 ਨੂੰ ਸਮਾਂ 11.30 ਵਜੇ ਡਾਕਟਰ ਨੂੰ ਨਿਜੀ ਸੁਣਵਾਈ ਦਾ ਸਮਾਂ ਦਿੱਤਾ ਗਿਆ। ਨਿਜੀ ਸੁਣਵਾਈ ਦੌਰਾਨ ਡਾਕਟਰ ਵਲੋਂ ਬਣਦੀ ਬਾਂਡ ਮਨੀ ਜਮ੍ਹਾਂ ਕਰਵਾਉਣ ਦੇ ਸਬੂਤ ਵਜੋਂ ਚਲਾਨ ਦੀ ਕਾਪੀ ਅਤੇ ਆਪਣੇ ਨੌਕਰੀ ਤੋਂ ਦਿੱਤੇ ਅਸਤੀਫੇ ਦੇ ਨੋਟਿਸ ਦੀ ਕਾਪੀ ਪੇਸ਼ ਕੀਤੀ। ਡਾਕਟਰ ਦੇ ਦਿੱਤੇ ਅਸਤੀਫੇ ਦੇ ਨੋਟਿਸ ਦੀ ਕਾਪੀ ਨੂੰ ਪੱਤਰ ਨੰ: 19/7/2018-2ਸਿ2/973 ਮਿਤੀ 16.03.2022 ਰਾਂਹੀ ਉਸ ਦੀ

ਤੈਨਾਤੀ ਦੀ ਥਾਂ ਤੇ ਭੇਜਦੇ ਹੋਏ ਇਸ ਸਬੰਧੀ ਕੀਤੀ ਗਈ ਕਾਰਵਾਈ ਦੀ ਤਾਜਾ ਸਥਿਤੀ ਤੋਂ ਜਾਣੂ ਕਰਵਾਉਣ ਲਈ ਲਿਖਿਆ ਗਿਆ। ਇਸ ਉਪਰੰਤ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਵਲੋਂ ਪੱਤਰ ਨੰ: ਈ-2(6) ਪੰ:- 22/4064 ਮਿਤੀ 28.07.2022 ਅਤੇ ਈ-2(6) ਪੰ:-22/5784 ਮਿਤੀ 02.11.2022 ਰਾਂਹੀ ਡਾਕਟਰ ਦਾ ਅਸਤੀਫਾ ਪ੍ਰਵਾਨ ਕਰਨ ਸਬੰਧੀ ਤਜਵੀਰ ਭੇਜੀ ਗਈ, ਜਿਸ ਨੂੰ ਸਮਰੱਥ ਅਥਾਰਟੀ ਦੇ ਪੱਧਰ ਤੇ ਵਿਚਾਰਦੇ ਹੋਏ ਸਰਕਾਰ ਦੀਆਂ ਹਦਾਇਤਾਂ ਨੰ: 196(GOI)-2SII-74/44174, ਮਿਤੀ 09.01.1975 ਦੇ ਪੈਰਾ 4 ਦੇ ਸਨਮੁੱਖ, ਡਾਕਟਰ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਲੰਬਿਤ ਹੋਣ ਕਾਰਣ ਪੱਤਰ ਨੰ: 19/7/2018-2ਸਿ2/4536-40 ਮਿਤੀ 02.12.2022 ਰਾਂਹੀ ਰੱਦ ਕਰ ਦਿੱਤਾ ਗਿਆ ਅਤੇ ਡਾਕਟਰ ਵਿਰੁੱਧ ਜਾਰੀ ਦੋਸ਼ ਸੂਚੀ ਦੇ ਫੈਸਲੇ ਹਿੱਤ ਪੂਰਵਲੇ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਜੀ ਵਲੋਂ ਪੱਤਰ ਨੰ: 19/7/2018-2ਸਿ2/4591 ਮਿਤੀ 09.12.2022 ਰਾਂਹੀ ਡਾਕਟਰ ਨੂੰ ਨਿਜੀ ਸੁਣਵਾਈ ਲਈ ਮਿਤੀ 22.12.2022 ਨੂੰ ਸਮਾਂ 12.30 ਵਜੇ ਦਾ ਸਮਾਂ ਦਿੱਤਾ ਗਿਆ। ਨਿਜੀ ਸੁਣਵਾਈ ਦੌਰਾਨ ਡਾਕਟਰ ਹਾਜਰ ਹੋਏ। ਪੂਰਵਲੇ ਸਕੱਤਰ, ਸਿਹਤ ਜੀ ਵਲੋਂ ਡਾਕਟਰ ਨੂੰ ਸੁਨਣ ਉਪਰੰਤ ਮੁੜ ਤੋਂ ਨਿਜੀ ਸੁਣਵਾਈ ਲਈ ਹਾਜਰ ਹੋਣ ਲਈ ਹੁਕਮ ਕੀਤਾ। ਇਸ ਉਪਰੰਤ ਮੌਜੂਦਾ ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਜੀ ਵੱਲੋਂ ਪੱਤਰ ਨੰ: HFW-HLH2019/3/2023-2H2/I/522186/2023, ਮਿਤੀ 06.03.2023 ਰਾਂਹੀ ਡਾਕਟਰ ਨੂੰ ਨਿਜੀ ਸੁਣਵਾਈ ਲਈ ਮਿਤੀ 05.04.2023 ਨੂੰ ਸਮਾਂ 12.00 ਵਜੇ ਦਾ ਨਵਾਂ ਸਮਾਂ ਦਿੱਤਾ ਗਿਆ ਪ੍ਰੰਤੂ ਇਸ ਵਾਰ ਡਾਕਟਰ ਹਾਜਰ ਨਹੀਂ ਹੋਏ। ਇਸ ਉਪਰੰਤ ਕੇਸ ਦੇ ਰਿਕਾਰਡ ਤੇ ਆਏ ਤੱਥਾਂ ਅਤੇ ਸਾਰੇ ਮਾਮਲੇ ਨੂੰ ਵਿਚਾਰਨ ਉਪਰੰਤ ਸਮਰੱਥ ਅਥਾਰਟੀ ਵਲੋਂ ਡਾ: ਗੁਰਪ੍ਰੀਤ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ: 15/ਬੀ.ਸੀ/2009, ਮਾਤਾ ਕੋਸ਼ੱਲਿਆ ਹਸਪਤਾਲ, ਪਟਿਆਲਾ ਨੂੰ Removal from Service ਕਰਨ ਦਾ ਆਰਜੀ ਫੈਸਲਾ ਕੀਤਾ ਗਿਆ। ਇਸ ਉਪਰੰਤ ਪੱਤਰ ਨੰ: 19/07/2018-2ਸਿ2/923 ਮਿਤੀ 11.07.2023 ਰਾਂਹੀ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਡਾਕਟਰ ਦੀਆਂ ਸੇਵਾਵਾਂ remove ਕਰਨ ਸਬੰਧੀ ਪ੍ਰਵਾਨਗੀ ਦੇਣ ਲਈ ਲਿਖਿਆ ਗਿਆ। ਪੰਜਾਬ ਲੋਕ ਸੇਵਾ ਕਮਿਸ਼ਨ ਪਟਿਆਲਾ ਵੱਲੋਂ ਆਪਣੇ ਪੱਤਰ ਨੰ: ਡਿਸ.331/2023/ਅ-7/5433 ਮਿਤੀ 01.09.2023 ਰਾਹੀਂ ਡਾਕਟਰ ਨੂੰ ਸਰਕਾਰੀ ਨੌਕਰੀ ਤੋਂ Removal from Service ਦੀ ਪ੍ਰਵਾਨਗੀ ਦਿੱਤੀ ਗਈ।

3. ਉਕਤ ਦਰਸਾਈ ਸਥਿਤੀ ਤੋਂ ਇਹ ਸਪਸ਼ਟ ਹੈ ਕਿ ਡਾ: ਗੁਰਪ੍ਰੀਤ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ: 15/ਬੀ.ਸੀ/2009, ਮਾਤਾ ਕੌਸ਼ੱਲਿਆ ਹਸਪਤਾਲ, ਪਟਿਆਲਾ ਜਾਣਬੁੱਝ ਕੇ ਅਣ-ਅਧਿਕਾਰਤ ਤੌਰ ਤੇ ਮਿਤੀ 01.03.2021 ਤੋਂ ਲਗਾਤਾਰ ਗੈਰ ਹਾਜਰ ਚਲ ਰਿਹਾ ਹੈ। ਸਰਕਾਰ ਵਲੋਂ ਉਸ ਨੂੰ ਡਿਊਟੀ ਤੇ ਹਾਜਰ ਹੋਣ ਸਬੰਧੀ ਕੀਤੇ ਗਏ ਹੁਕਮਾਂ ਦੇ ਬਾਵਜੂਦ ਵੀ ਨਾਂ ਤਾਂ ਉਸ ਵਲੋਂ ਮੁੜ ਡਿਊਟੀ ਤੇ ਹਾਜਰ ਹੋਣ ਸਬੰਧੀ ਕੋਈ ਪੱਤਰ ਵਿਹਾਰ ਕੀਤਾ ਗਿਆ ਅਤੇ ਨਾਂ ਹੀ ਪੜਤਾਲੀਆ ਅਫਸਰ ਦੇ ਪੜਤਾਲ ਵਿੱਚ ਹਾਜਰ ਹੋਣ ਸਬੰਧੀ ਲਿਖੇ ਗਏ ਪੱਤਰ/ ਅਖਬਾਰ ਵਿੱਚ ਜਾਰੀ ਕੀਤੇ ਪਬਲਿਕ ਨੋਟਿਸ ਦੇ ਬਾਵਜੂਦ ਉਹ ਪੜਤਾਲ ਵਿੱਚ ਹਾਜਰ ਹੋਇਆ, ਜਿਸ ਕਰਕੇ ਹੀ ਪੜਤਾਲੀਆ ਅਫਸਰ ਵਲੋਂ ਡਾਕਟਰ ਨੂੰ Ex-parte ਕਰਕੇ ਹੋਏ ਉਸ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਸਾਰੇ ਦੋਸ਼ ਸਿੱਧ ਕਰਾਰ ਦਿੱਤੇ।

4. ਇਸ ਲਈ ਮਿਸਲ ਤੇ ਆਏ ਤੱਥ, ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਤੇ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਵਲੋਂ ਡਾਕਟਰ ਨੂੰ remove ਕਰਨ ਸਬੰਧੀ ਪ੍ਰਾਪਤ ਸਹਿਮਤੀ ਦੇ ਸਨਮੁੱਖ ਪੰਜਾਬ ਦੇ ਰਾਜਪਾਲ ਜੀ ਵਲੋਂ ਡਾ: ਗੁਰਪ੍ਰੀਤ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ: 15/ਬੀ.ਸੀ/2009, ਮਾਤਾ ਕੌਸ਼ੱਲਿਆ ਹਸਪਤਾਲ, ਪਟਿਆਲਾ ਨੂੰ ਪੰਜਾਬ ਸਿਵਲ ਸਵਾਵਾਂ (ਸਜ਼ਾ ਤੇ ਅਪੀਲ ) ਨਿਯਮ ਦੇ ਨਿਯਮ 5(viii) ਵਿੱਚ ਦਰਸਾਈ ਵੱਡੀ ਸਜਾ ਦਿੰਦੇ ਹੋਏ ਉਸ ਨੂੰ ਸਰਕਾਰੀ ਨੌਕਰੀ ਤੋਂ ਗੈਰ ਹਾਜਰੀ ਦੀ ਮਿਤੀ 01.03.2021 ਤੋਂ Removal from Service ਕੀਤਾ ਜਾਂਦਾ ਹੈ। ਡਾਕਟਰ ਤੋਂ ਬਾਂਡ ਦੀ ਰਕਮ ਜਾਂ ਹੋਰ ਬਕਾਇਆ ਰਕਮ (ਜੇਕਰ ਕੋਈ ਹੋਵੇ), ਵਸੂਲ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਰਹੇਗਾ।

ਸਹੀ/-

**ਵਿਵੇਕ ਪ੍ਰਤਾਪ ਸਿੰਘ, ਆਈ.ਏ.ਐਸ.**

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,

ਸਿਹਤ ਤੇ ਪਰਿਵਾਰ ਭਲਾਈ ਵਿਭਾਗ।

ਚੰਡੀਗੜ੍ਹ

ਮਿਤੀ 20 ਸਤੰਬਰ, 2023

*3596/12-2025/Pb. Govt. Press, S.A.S. Nagar*